# ਪ੍ਰੈਸ ਨੋਟ

1) ਪੰਜਾਬ ਸਰਕਾਰ ਅਤੇ ਮਾਨਯੋਗ ਡਾਇਰੈਕਟਰ,ਜਨਰਲ ਪੁਲਿਸ, ਪੰਜਾਬ, ਚੰਡੀਗੜ ਜੀ ਵੱਲੋਂ ਗੰਨ ਕਲਚਰ ਨੂੰ ਖਤਮ ਕਰਨ ਲਈ, ਸ਼ੋਸ਼ਲ ਮੀਡੀਆ ਪਰ ਅਸਲਿਆਂ ਦੀ ਨੁਮਾਇਸ਼ ਕਰਨ ਵਾਲੇ ਵਿਅਕਤੀਆਂ ਅਤੇ ਸੰਸਥਾਵਾਂ ਖਿਲਾਫ ਕਾਰਵਾਈ ਕਰਨ ਲਈ ਮਿਲੀਆਂ ਹਦਾਇਤਾਂ/ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਜਿਲਾ ਲੁਧਿਆਣਾ (ਦਿਹਾਤੀ) ਵਿੱਚ **ਸੁਖਦੇਵ ਸਿੰਘ ਪੁੱਤਰ ਉਜਾਗਰ ਸਿੰਘ ਵਾਸੀ ਦਸ਼ਮੇਸ਼ ਨਗਰ ਮੰਡੀ ਮੁੱਲਾਂਪੁਰ ਹਾਲ ਵਾਸੀ ਬੀਹਲਾ, ਲੁਧਿਆਣਾ** ਜੋ ਕਿ ਸ਼ੋਸਲ ਮੀਡੀਆ ਤੇ ਅਸਲੇ ਨਾਲ ਫੋਟੋਆਂ ਅਤੇ ਵੀਡੀਓ ਪਾ ਕੇ ਧਮਕਾ ਰਿਹਾ ਹੈ, ਉਸਤੇ ਕਾਰਵਾਈ ਕਰਦੇ ਹੋਏ ਐਸ.ਆਈ ਜਸਵਿੰਦਰ ਸਿੰਘ ਵੱਲੋਂ ਇਸ ਸਬੰਧੀ ਮੁਕੱਦਮਾ ਨੰਬਰ 225 ਮਿਤੀ 22.11.2022 ਅ/ਧ 188,294,504,506 ਭ.ਦੰ ਥਾਣਾ ਦਾਖਾ ਰਜਿਸ਼ਟਰ ਕੀਤਾ ਗਿਆ ਹੈ। ਜਿਸਦੀ ਗੰਨ .12 ਬੋਰ ਅਤੇ ਅਸਲਾ ਲਾਇਸੰਸ ਕਬਜੇ ਵਿੱਚ ਲੈ ਲਿਆ ਗਿਆ ਹੈ। ਇਸਤੋਂ ਇਲਾਵਾ ਪਹਿਲਾਂ ਵੀ ਥਾਣਾ ਸਦਰ ਰਾਏਕੋਟ ਵਿੱਖੇ ਇੱਕ ਗਾਇਕ ਅਤੇ ਕੰਪਨੀ ਖਿਲਾਫ ਗੰਨ ਕਲਚਰ ਨੂੰ ਪ੍ਰਮੋਟ ਕਰਨ ਸਬੰਧੀ ਮੁਕੱਦਮਾ ਨੰਬਰ 112 ਮਿਤੀ 19.11.22 ਅ/ਧ 188,294,504,506 ਭ.ਦੰ ਥਾਣਾ ਸਦਰ ਰਾਏਕੋਟ ਦਰਜ ਰਜਿਸ਼ਟਰ ਕੀਤਾ ਗਿਆ ਸੀ।

2) ਇਸਤੋਂ ਇਲਾਵਾ ਏ.ਐਸ.ਆਈ ਨਸੀਬ ਚੰਦ, ਥਾਣਾ ਸਿਟੀ ਜਗਰਾਉਂ ਨੂੰ ਇਤਲਾਹ ਮਿਲੀ ਕਿ ਦੋਸ਼ੀਆਨ :-
ਲਵਪ੍ਰੀਤ ਸਿੰਘ ਉਰਫ ਲਵੀ ਪੁੱਤਰ ਜਸਵੰਤ ਸਿੰਘ ਵਾਸੀ ਮਲਕ ਥਾਣਾ ਸਦਰ ਜਗਰਾਉਂ
ਜਸਵੰਤ ਸਿੰਘ ਉਰਫ ਜੱਸੀ ਪੁੱਤਰ ਬੇਅੰਤ ਸਿੰਘ ਵਾਸੀ ਕੋਠੇ ਖੰਜੂਰਾਂ ਥਾਣਾ ਸਿਟੀ ਜਗਰਾਉਂ
ਮਨਪ੍ਰੀਤ ਸਿੰਘ ਉਰਫ ਮਨੀ ਪੁੱਤਰ ਅਵਤਾਰ ਸਿੰਘ ਪੁੱਤਰ ਲਾਲ ਸਿੰਘ ਵਾਸੀ ਰਸੂਲਪੁਰ ਥਾਣਾ ਹਠੂਰ (**ਪਹਿਲਾਂ ਦਰਜ ਮੁਕੱਦਮਾ 28 ਮਿਤੀ 25.02.2022 ਅ/ਧ 379 ਭ.ਦੰ ਥਾਣਾ ਸਿਟੀ ਜਗਰਾਉਂ)**

ਜੋ ਕਿ ਜਗਰਾਉਂ ਏਰੀਆ ਵਿੱਚੋਂ ਮੋਟਰਸਾਈਕਲ, ਐਕਟਿਵਾ ਸਕੂਟਰੀਆਂ ਚੋਰੀ ਕਰਕੇ ਅੱਗੇ ਵੇਚਣ ਦੇ ਆਦੀ ਹਨ, ਜਿੰਨਾਂ ਨੇ ਕਲਿਆਣੀ ਹਸਪਤਾਲ ਜਗਰਾਉਂ ਦੇ ਬਾਹਰੋਂ ਮੋਟਰਸਾਈਕਲ ਪੀ.ਬੀ.25.ਐਫ.4384 ਮਾਰਕਾ ਬਜਾਜ ਸੀ.ਟੀ-100 ਚੋਰੀ ਕੀਤਾ ਹੈ। ਉਹਨਾਂ ਤੇ ਕਾਰਵਾਈ ਕਰਦੇ ਹੋਏ ਮੁਕੱਦਮਾ ਨੰਬਰ 243 ਮਿਤੀ 22.11.2022 ਅ/ਧ 379,411 ਭ.ਦੰ ਥਾਣਾ ਸਿਟੀ ਜਗਰਾਉਂ ਦਰਜ ਰਜਿਸ਼ਟਰ ਕਰਕੇ ਦੋਸ਼ੀਆਨ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ ਹੇਠ ਲਿਖੇ ਅਨੁਸਾਰ ਬ੍ਰਾਮਦਗੀ ਕੀਤੀ ਗਈ :-

1. ਮੋਟਰਸਾਈਕਲ ਮਾਰਕਾ ਬਜਾਜ ਸੀ.ਟੀ-100 ਨੰਬਰੀ ਪੀ.ਬੀ.25.ਐਫ.4384
2. ਐਕਟਿਵਾ ਸਕੂਟਰੀ ਰੰਗ ਕਾਲਾ ਨੰਬਰੀ ਪੀ.ਬੀ.25.ਐਚ.6486
3. ਮੋਟਰਸਾਈਕਲ ਬਜਾਜ ਪਲਟੀਨਾ ਨੰਬਰੀ ਪੀ.ਬੀ.10.ਜੀ.ਐਚ.6648
4. ਮੋਟਰਸਾਈਕਲ ਬਜਾਜ ਪਲਟੀਨਾ ਨੰਬਰੀ ਪੀ.ਬੀ.10.ਡੀ.ਐਨ.4172
5. ਮੋਟਰਸਾਈਕਲ ਸਪਲੈਂਡਰ ਰੰਗ ਕਾਲਾ ਬਿਨਾਂ ਨੰਬਰੀ

3) ਇਸਤੋਂ ਇਲਾਵਾ ਏ.ਐਸ.ਆਈ ਦਰਸ਼ਨ ਸਿੰਘ ਥਾਣਾ ਸਿਟੀ ਜਗਰਾਉਂ ਨੂੰ ਮੁਦੱਈ ਮੁਕੱਦਮਾ ਰਾਮ ਲਖਨ ਪੁੱਤਰ ਸੀਤਲਾਦੀਨ ਵਾਸੀ ਪੂਰੇ ਬਲਦੂ ਤਹਿਸੀਲ ਸਲੋਨ ਜਿਲਾ ਰਾਇਬਰੇਲੀ, ਯੂ.ਪੀ ਹਾਲ ਵਾਸੀ ਕਿਰਾਏਦਾਰ ਸੁਦਰਸ਼ਨ ਕੁਮਾਰ ਗਲੀ ਨੰਬਰ 02, ਮੁਹੱਲਾ ਹਰਗੋਬਿੰਦਪੁਰਾ ਜਗਰਾਉਂ ਨੇ ਇਤਲਾਹ ਦਿੱਤੀ ਕਿ ਉਹ ਮਾਲੀ ਦਾ ਕੰਮ ਕਰਦਾ ਹੈ ਅਤੇ ਮਿਤੀ 18.11.22 ਨੂੰ ਸ਼ਾਮ 04:30 ਪੀ.ਐਮ ਉਹ ਪ੍ਰਦੇਸੀ ਢਾਬਾ ਜੀ.ਟੀ ਰੋਡ ਪਾਸ ਲੰਘ ਰਿਹਾ ਸੀ ਤਾਂ ਚਾਰ ਨੌਜਵਾਨ ਜੋ ਦੋ ਮੋਟਰਸਾਈਕਲਾਂ ਪਰ ਸਵਾਰ ਸਨ, **ਉਸਨੂੰ ਘੇਰ ਕੇ ਉਸਦੇ ਸਿਰ ਪਰ ਅਤੇ ਸਰੀਰ ਪਰ ਦਾਹ ਦੇ ਵਾਰ ਕਰਕੇ ਸੱਟਾਂ ਮਾਰਕੇ ਉਸ ਪਾਸੋਂ ਉਸਦਾ ਮੋਬਾਇਲ ਫੋਨ, 600/- ਰੁਪਏ ਅਤੇ ਉਸਦੀ ਕੈਂਚੀ ਖੋਹ ਲਈ ਸੀ।** ਜਿਸਤੇ ਥਾਣਾ ਸਿਟੀ ਜਗਰਾਉਂ ਵੱਲੋਂ ਕਾਰਵਾਈ ਕਰਦੇ ਹੋਏ ਮੁਕੱਦਮਾ ਨੰਬਰ 242 ਮਿਤੀ 22.11.2022 ਅ/ਧ 394 ਭ.ਦੰ ਥਾਣਾ ਸਿਟੀ ਜਗਰਾਉਂ ਦਰਜ ਰਜਿਸ਼ਟਰ ਕਰਕੇ ਹੇਠ ਲਿਖੇ ਦੋਸ਼ੀਆਨ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਬ੍ਰਾਮਦਗੀ ਕੀਤੀ ਗਈ:-

**ਦੋਸ਼ੀਆਨ:-**

1. ਸਨੀ ਸਿੰਘ ਉਰਫ ਜੰਮ ਪੁੱਤਰ ਰੇਸ਼ਮ ਸਿੰਘ
   **( ਪਹਿਲਾਂ ਦਰਜ ਮੁਕੱਦਮਾ ਨੰਬਰ 267 ਮਿਤੀ 04.12.21 ਅ/ਧ 379 ਭ.ਦੰ ਥਾਣਾ ਸਿਟੀ ਜਗਰਾਉਂ )**

2. ਮਾਰਕਸ ਪੁੱਤਰ ਜਗਜੀਤ ਸਿੰਘ ਵਾਸੀਆਨ ਅਗਵਾੜ ਲਧਾਈ, ਰਾਣੀ ਵਾਲਾ ਖੂਹ, ਜਗਰਾਉਂ

3. ਸਨੀ ਸਿੰਘ ਉਰਫ ਸਨੀ ਪੁੱਤਰ ਭੋਲਾ ਸਿੰਘ ਵਾਸੀ ਕੁੱਕੜ ਬਜਾਰ ਜਗਰਾਉਂ
   **( ਪਹਿਲਾਂ ਦਰਜ ਮੁਕੱਦਮਾ ਨੰਬਰ 182 ਮਿਤੀ 04.05.2006 ਅ/ਧ 342,323,148,149 ਭ.ਦੰ ਥਾਣਾ ਸਿਟੀ ਜਗਰਾਉਂ ਅਤੇ ਮੁ ਨੰ: 371 ਮਿਤੀ 30.03.2017 ਅ/ਧ 13/03/67 ਜੂਆ ਐਕਟ ਥਾਣਾ ਸਿਟੀ ਜਗਰਾਉਂ )**

4. ਰਣਜੀਤ ਸਿੰਘ ਉਰਫ ਨਾਜਰ ਪੁੱਤਰ ਜਗਰਾਜ ਸਿੰਘ ਵਾਸੀ ਅਗਵਾੜ ਡਾਲਾ ਜਗਰਾਉਂ
   **( ਪਹਿਲਾਂ ਦਰਜ ਮੁਕੱਦਮਾ ਨੰਬਰ 164 ਮਿਤੀ 03.08.19 ਅ/ਧ 379-ਬੀ,34 ਭ.ਦੰ ਥਾਣਾ ਸਿਟੀ ਜਗਰਾਉਂ ਅਤੇ ਮੁ ਨੰ: 114 ਮਿਤੀ 07.07.2022 ਅ/ਧ 22 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ ਜਗਰਾਉਂ )**

**ਬ੍ਰਾਮਦਗੀ**:- 01 ਆਈ ਫੋਨ 12 ਪਰੋ ਮੈਕਸ, 03 ਮੋਬਾਇਲ ਸੈਮਸੰਗ, 01 ਮੋਬਾਇਲ ਓਪੋ, 01 ਮੋਬਾਇਲ ਰੈਡਮੀ **(ਕੁੱਲ-06 ਮੋਬਾਇਲ), 01 ਕੈਂਚੀ ਮਾਲੀ ਵਾਲੀ, 02 ਦਾਹ ਜੋ ਵਕੂਆ ਸਮੇਂ ਵਰਤੇ ਸਨ।**